# ਹੜ੍ਹ ਤੋਂ ਮਗਰੋਂ ਕੀ ਕਰਨਾਂ ਹੈ

## ਸੰਖੇਪ ਝਾਤ

ਹੜ੍ਹ ਦੇ ਪਾਣੀ ਚਲੇ ਜਾਣ ਮਗਰੋਂ, ਉਥੇ ਕਮਿਊਨਿਟੀ ਨੂੰ ਕਾਫੀ ਨੁਕਸਾਨ ਹੋਇਆ ਹੋ ਸਕਦਾ ਹੈ ਅਤੇ ਜਦੋਂ ਤੁਸੀਂ ਵਾਪਸ ਆਉਂਦੇ ਹੋ ਤਾਂ ਤੁਹਾਨੂੰ ਕਈ ਖਤਰਿਆਂ ਬਾਰੇ ਸੁਚੇਤ ਹੋਣਾ ਪੈ ਸਕਦਾ ਹੈ।

## ਮੁੜ-ਦਾਖਲਾ

ਜੇਕਰ ਤੁਹਾਨੂੰ ਸਥਾਨ ਖਾਲੀ ਕਰਨ ਦੇ ਹੁਕਮ ਹੋਏ ਹਨ, ਤਾਂ ਤੁਸੀਂ ਉਨਾਂ ਚਿਰ ਵਾਪਸ ਨਹੀਂ ਆ ਸਕਦੇ ਜਿੰਨਾ ਚਿਰ ਅਧਿਕਾਰੀ ਇਹ ਐਲਾਨ ਨਾ ਕਰਨ ਕਿ ਅਜਿਹਾ ਕਰਨਾਂ ਸੁਰੱਖਿਅਤ ਹੈ।

ਤੁਹਾਨੂੰ ਆਪਣੀ ਪ੍ਰਾਪਰਟੀ 'ਚ ਮੁੜ-ਦਾਖਲ ਨਹੀਂ ਹੋਣਾ ਚਾਹੀਦਾ ਜੇਕਰ:

- ਅਧਿਕਾਰੀ ਇਹ ਨਹੀਂ ਸਮਝਦੇ ਕਿ ਇੰਜ ਕਰਨਾਂ ਸੁਰੱਖਿਅਤ ਹੈ
- ਬਿਲਡਿੰਗ ਦਾ ਕੋਈ ਹਿੱਸਾ ਢਹਿ ਗਿਆ ਹੈ
- ਬਿਲਡਿੰਗ ਆਪਣੀ ਨੀਂਹ ਤੋਂ ਉੱਖੜ ਗਈ ਹੈ
- ਹੜ੍ਹ ਆਉਣ ਤੋਂ ਪਹਿਲਾਂ ਬਿਜਲੀ ਦਾ ਮੁੱਖ ਸਵਿੱਚ ਬੰਦ ਨਹੀਂ ਸੀ ਕੀਤਾ ਗਿਆ

ਅਤਿਅੰਤ ਸਾਵਧਾਨੀ ਵਰਤਣਾ ਯਾਦ ਰੱਖੋ, ਖਾਸ ਕਰਕੇ ਜੇਕਰ ਫਰਸ਼ ਵਿਚ ਮਘੋਰੇ ਹੋਏ ਹਨ, ਟੁੱਟਿਆ ਸ਼ੀਸ਼ਾ ਅਤੇ ਖਤਰਨਾਕ ਮਲਬਾ ਖਿਲਰਿਆ ਪਿਆ ਹੈ।

## ਸਾਫ-ਸਫਾਈ

ਹੜ੍ਹ ਤੋਂ ਮਗਰੋਂ ਆਪਣੀ ਪ੍ਰਾਪਰਟੀ ਨੂੰ ਅਗਾਂਹ ਹੋਰ ਨੁਕਸਾਨ ਹੋਣ ਤੋਂ ਬਚਾਉਣ ਲਈ ਅਤੇ ਆਪਣੀ ਸਿਹਤ ਨੂੰ ਪੈਦਾ ਖਤਰਿਆਂ ਨੂੰ ਘਟਾਉਣ ਲਈ ਇਹ ਮਹੱਤਵਪੂਰਨ ਹੈ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ ਪ੍ਰਾਪਰਟੀ ਨੂੰ ਸਾਫ ਕਰੋ ਅਤੇ ਸੁਕਾਉ। ਇੱਥੇ ਕੁਝ ਉਪਯੋਗੀ ਨੁਕਤੇ ਦਿੱਤੇ ਜਾਂਦੇ ਹਨ:

- ਹੜ੍ਹ ਤੋਂ ਮਗਰੋਂ ਸਾਫ-ਸਫਾਈ ਦੌਰਾਨ ਹੇਠ ਦਿੱਤੇ ਅਨੁਸਾਰ ਚੰਗੀ ਸਵੱਸ਼ਤਾ ਬਣਾ ਕੇ ਰੱਖੋ:
  - ਹੜ੍ਹ ਦੇ ਪਾਣੀ ਜਾਂ ਕਿਸੇ ਵੀ ਹੋਰ ਚੀਜ਼ ਨਾਲ, ਜੋ ਉਸਦੇ ਸੰਪਰਕ 'ਚ ਆਈ ਹੋਵੇ, ਘੱਟ ਤੋਂ ਘੱਟ ਸੰਪਰਕ ਰੱਖੋ।
  - ਸੁਰੱਖਿਆ ਵਾਲਾ ਪਹਿਰਾਵਾ ਜਿਵੇਂ ਰਬੜ ਦੇ ਬੂਟ, ਸੁਰੱਖਿਆ ਵਾਲੀਆਂ ਐਨਕਾਂ ਅਤੇ ਸਖਤ ਟੋਪ ਪਹਿਨੋ।
  - ਕਦੀ ਵੀ ਉਹ ਪਾਣੀ ਨਾ ਵਰਤੋਂ ਜੋ ਪ੍ਰਦੂਸ਼ਤ ਹੋ ਗਿਆ ਹੋ ਸਕਦਾ ਹੈ ਅਤੇ ਆਪਣੇ ਹੱਥ ਅਕਸਰ ਧੋਂਦੇ ਰਹੋ।
- ਸਾਫ-ਸਫਾਈ ਦੌਰਾਨ ਬੱਚਿਆਂ ਅਤੇ ਪਾਲਤੂਆਂ ਨੂੰ ਪ੍ਰਦੂਸ਼ਤ ਹੋਏ ਏਰੀਏ ਤੋਂ ਪਰ੍ਹਾਂ ਰੱਖੋ।
- ਕਾਰਪੈੱਟ ਨੂੰ ਪਹਿਲੇ ਦੋ ਦਿਨਾਂ ਦੇ ਅੰਦਰ ਅੰਦਰ ਸੁਕਾ ਲਵੋ ਅਤੇ ਜੇ ਕਾਰਪੈੱਟਾਂ ਗੜੁੱਚ ਹੋ ਗਈਆਂ ਹਨ ਜਾਂ ਨੁਕਸਾਨਗ੍ਰਸਤ ਹੋ ਗਈਆਂ ਹਨ ਤਾਂ ਬਦਲ ਲਵੋ।
- ਸਾਰੀਆਂ ਅੰਦਰਲੀਆਂ ਕੰਧਾਂ ਅਤੇ ਫਰਸ਼ ਦੀਆਂ ਮੋਰੀਆਂ ਨੂੰ ਪਾਣੀ ਅਤੇ ਸੁੰਗਧ-ਰਹਿਤ ਡਿਟਰਜੈਂਟ ਦੇ ਘੋਲ ਨਾਲ ਸਾਫ ਕਰੋ।
- ਚਿੱਕੜ ਨੂੰ ਸੁਕਾਇਆ ਅਤੇ ਬਰੱਸ਼ ਨਾਲ ਲਾਹਿਆ ਜਾ ਸਕਦਾ ਹੈ।
- ਸਿੱਲ੍ਹੀਆਂ ਹੋਈਆਂ ਵਸਤਾਂ ਨੂੰ ਜਿੰਨੀ ਜਲਦੀ ਹੋ ਸੰਭਵ ਹੋਵੇ ਠੰਡੇ, ਸੁੱਕੇ ਏਰੀਏ 'ਚ ਲੈ ਜਾਵੋ। ਉੱਲੀ ਦੇ ਵਾਧੇ ਨੂੰ ਘੱਟ ਤੋਂ ਘੱਟ ਰੱਖਣ ਲਈ ਪੱਖੇ ਲਗਾ ਦਿਉ।

## ਉੱਲੀ

ਉੱਲੀ ਦੇ ਬੀਜਾਣੂੰ ਅਕਸਰ ਅਦਿੱਖ ਹੁੰਦੇ ਹਨ ਅਤੇ ਲੰਮੇਰੀ ਮਿਆਦ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੇ ਹਨ। ਰੋਗ-ਲੱਛਣ 'ਚ ਸ਼ਾਮਲ ਹੋ ਸਕਦਾ ਹੈ ਲਗਾਤਾਰ ਸਿਰਦਰਦਾਂ, ਅਚਾਨਕ ਸਰੀਰ ਟੁੱਟਣਾ, ਜਾਂ ਜ਼ੁਕਾਮ ਫਲੂ। ਉੱਲੀ ਤਲਾਂ ਉੱਪਰ ਭੂਰੇ, ਸੁਰਮਈ ਜਾਂ ਕਾਲੇ ਦਾਗਾਂ ਦੁਆਰਾ ਪਛਾਣੀ ਜਾ ਸਕਦੀ ਹੈ, ਫਿਰ ਵੀ ਉੱਲੀ ਦੇ ਸਾਰੇ ਨੁਕਸਾਨ ਨੂੰ ਵੇਖਿਆ ਨਹੀਂ ਜਾ ਸਕਦਾ।

- ਧੂੜ ਤੋਂ ਬਚਾਅ ਵਾਲਾ ਮਾਸਕ ਅਤੇ ਰਬੜ ਦੇ ਦਸਤਾਨੇ ਪਹਿਨੋ
- ਉਸ ਸਾਰੀ ਇੰਨਸੂਲੇਸ਼ਨ ਸਮੱਗਰੀ, ਪਾਰਟੀਕਲ ਬੋਰਡ, ਫਰਨੀਚਰ, ਮੈਟਰਿਸ, ਬਾਕਸ ਸਪਰਿੰਗ, ਰੂੰ ਭਰੇ ਖਿਡੌਣੇ, ਸਿਰਹਾਣੇ, ਗਦੇਲੇ, ਗੱਦੀਆਂ, ਅਤੇ ਫਰਨੀਚਰ ਕਵਰਾਂ ਨੂੰ ਸੁੱਟ ਦਿਉ, ਜਿੰਨ੍ਹਾਂ 'ਤੇ ਉੱਲੀ ਦੇ ਨਿਸ਼ਾਨ ਦਿੱਸਦੇ ਹਨ।
- ਮਹੱਤਵਪੂਰਨ ਕੱਪੜਿਆਂ ਅਤੇ ਦਸਤਵੇਜ਼ਾਂ ਨੂੰ ਉਨੇ ਚਿਰ ਲਈ ਫਰੀਜ਼ ਕਰ ਦਿਉ ਜਿੰਨਾ ਚਿਰ ਤੁਹਾਡੇ ਕੋਲ ਉਨ੍ਹਾਂ ਨੂੰ ਠੀਕ ਕਰਨ ਦਾ ਸਮਾਂ ਨਹੀਂ।

ਪਲਾਸਟਿਕ ਅਤੇ ਸਖਤ ਲੱਕੜੀ ਦੀਆਂ ਵਸਤਾਂ ਰੱਖੀਆਂ ਜਾ ਸਕਦੀਆਂ ਹਨ। ਗਿੱਲੀ ਉੱਲੀ ਨੂੰ ਸੁੱਕ ਲੈਣ ਦਿਉ, ਫਿਰ ਬਾਹਰ ਲਿਜਾ ਕੇ ਇਸਨੂੰ ਬਰੁੱਸ਼ ਨਾਲ ਝਾੜ ਦਿਉ ਅਤੇ ਜੀਵਾਣੂੰ-ਰਹਿਤ ਕਰ ਲਵੋ। ਜੀਵਾਣੂੰ-ਰਹਿਤ ਕਰਨ ਲਈ ਚੀਜ਼ ਉੱਪਰ ਹਲਕਾ ਜਿਹਾ ਕਲੀਨਰ (ਮਿਸਾਲ ਵਜੋਂ ਰੱਬਿੰਗ ਅਲਕੋਹਲ, ਜਾਂ ਕਲੋਰੀਨ ਬਲੀਚ; 1 ਹਿੱਸਾ ਕਲੀਨਰ ਤੇ 4 ਹਿੱਸੇ ਪਾਣੀ ਮਿਲਾਕੇ) ਛਿੜਕ ਲਵੋ।

## ਲੋੜੀਂਦਾ ਸਮਾਨ

- ਸੁਰੱਖਿਆ ਕਰਨ ਵਾਲ ਕੱਪੜੇ
- ਬਾਲਟੀਆਂ, ਮੌਪ ਅਤੇ ਨਿਚੋੜਨੀਆਂ
- ਸੁਗੰਧ-ਰਹਿਤ ਡਿਟਰਜੈਂਟ, ਕਲੋਰੀਨ ਬਲੀਚ ਅਤੇ ਰੱਬਿੰਗ ਅਲਕੋਹਲ
- ਪਲਾਸਟਿਕ ਗਾਰਬੇਜ ਬੈਗ ਅਤੇ ਵੱਡੇ ਕੰਟੇਨਰ

ਤਿਆਰ ਹੋਵੋ:alberta.ca/emergency-preparedness.aspx

ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਉਂਸਿਪਲ ਅਫੇਅਰਜ਼
Classification: Public - Punjabi

- ਸਾਜ਼-ਸਮਾਨ ਜਿਵੇਂ ਐਕਸਟੈਂਸ਼ਨ ਕੋਰਡ, ਵਾਟਰਪੰਪ, ਸ਼ਾਪ ਵੈਕਿਊਮ, ਕਾਰਬਨ ਮੋਨੋਆਕਸਾਈਡ ਡਿਟੈਕਟਰ, ਡੀਹੁਮਿਡੀਫਾਇਰ, ਪੱਖੇ ਅਤੇ ਹੀਟਰ

## ਜੇਕਰ ਤੁਹਾਡੀ ਪ੍ਰਾਪਰਟੀ 'ਤੇ ਉੱਲੀ ਦੇ ਨਿਸ਼ਾਨ ਹਨ, ਤਾਂ ਕੋਈ ਬਦਲਵੀਂ ਰਿਹਾਇਸ਼ ਲੱਭ ਕੇ ਆਪਣੇ ਆਪ ਨੂੰ ਸੁਰੱਖਿਅਤ ਰੱਖੋ।

## ਪਾਣੀ ਦੀ ਵਰਤੋਂ

- ਪਾਣੀ ਬਾਰੇ ਸਥਾਨਕ ਐਡਵਾਇਜ਼ਰੀਆਂ ਚੈੱਕ ਕਰੋ। ਸਥਾਨਕ ਸਪਲਾਈ ਵਾਲਾ ਪਾਣੀ ਉਨਾ ਚਿਰ ਨਾ ਵਰਤੋ ਜਦੋਂ ਤੱਕ ਅਧਿਕਾਰੀਆਂ ਵੱਲੋਂ ਇਸਨੂੰ ਸੁਰੱਖਿਅਤ ਨਹੀਂ ਐਲਾਨਿਆਂ ਜਾਂਦਾ।
- ਪਾਣੀ ਨਾ ਪੀਵੋ, ਜੇਕਰ ਇਸ 'ਚ ਪ੍ਰਦੂਸ਼ਤ ਹੋਣ ਦੇ ਨਿਸ਼ਾਨ ਦਿੱਸਦੇ ਹਨ ਜਿਵੇਂ ਰੰਗ, ਗੰਧ ਜਾਂ ਸਵਾਦ।
- ਖੜ੍ਹੇ ਪਾਣੀ ਨੂੰ ਹੌਲੀ ਹੌਲੀ ਅਤੇ ਪੜਾਵਾਂ 'ਚ ਕੱਢਣਾ ਚਾਹੀਦਾ ਹੈ। ਇਸ ਨੂੰ ਕੱਢਣ ਲਈ ਪੰਪ ਜਾਂ ਬਾਲਟੀਆਂ ਵਰਤੋ, ਅਤੇ ਫਿਰ ਗਿੱਲਾ/ਸੁੱਕਾ ਸ਼ਾਪ ਵੈਕਿਊਮ ਬਾਕੀ ਰਹਿੰਦੇ ਪਾਣੀ ਨੂੰ ਸਾਫ ਕਰਨ ਲਈ ਵਰਤੋ।
- ਆਪਣੀ ਸਥਾਨਕ ਜਾਂ ਸੂਬਾਈ ਹੈਲਥ ਅਥਾਰਿਟੀ ਨਾਲ ਨਿਰਦੇਸ਼ ਲੈਣ ਲਈ ਸੰਪਰਕ ਕਰੋ ਕਿ ਖੂਹ ਜਾਂ ਟੈਂਕੀਆਂ ਨੂੰ ਕਿਵੇਂ ਕਿਟਾਣੂੰ- ਰਹਿਤ ਅਤੇ ਮੁੜ-ਬਾਹਲ ਕਰਨਾਂ ਹੈ।

## ਪ੍ਰਾਪਰਟੀ ਅਸੈੱਸਮੈਂਟ

### ਹੀਟਿੰਗ ਅਤੇ ਐਪਲਾਇਸਿੰਜ਼

- ਆਪਣੀ ਪ੍ਰਾਪਰਟੀ ਨੂੰ 4 ਡਿਗਰੀ ਸੈਲਸੀਅਸ/40 ਡਿਗਰੀ ਫਾਰਨਹੀਟ ਤੋਂ ਵੱਧ ਗਰਮ ਨਾ ਕਰੋ, ਜਿੰਨਾਂ ਚਿਰ ਸਾਰਾ ਪਾਣੀ ਨਿਕਲ ਨਹੀਂ ਜਾਂਦਾ।
- ਕੋਈ ਐਪਲਾਇੰਸ ਜਾਂ ਬਿਜਲੀ ਪ੍ਰਬੰਧ ਨਾ ਵਰਤੋਂ ਜਾਂ ਬਿਜਲੀ ਦੇ ਪੈਨਲਾਂ ਨੂੰ ਨਾ ਛੂਹੋ, ਜਿੰਨਾਂ ਚਿਰ ਸਾਰਾ ਕੁਝ ਪੂਰੀ ਤਰ੍ਹਾਂ ਸਾਫ ਨਹੀਂ ਕਰ ਲਿਆ ਜਾਂਦਾ, ਸੁਕਾਇਆ ਅਤੇ ਕਿਸੇ ਕੁਆਲੀਫਾਈਡ ਇਲਕੈਟ੍ਰੀਸ਼ੀਅਨ ਵੱਲੋਂ ਜਾਂਚ ਨਹੀਂ ਲਿਆ ਜਾਂਦਾ।
- ਜੇਕਰ ਸਾਫ-ਸਫਾਈ ਦੌਰਾਨ ਤੁਸੀਂ ਗੈਸੋਲੀਨ, ਕੇਰੋਸੀਨ ਜਾਂ ਪ੍ਰੋਪੇਨ ਨਾਲ ਚੱਲਣ ਵਾਲੇ ਪੰਪ ਜਾਂ ਹੀਟਰ ਵਰਤਣ ਬਾਰੇ ਸੋਚਿਆ ਹੈ ਤਾਂ ਇਕ ਕਾਰਬਨ ਮੋਨੋਆਕਸਾਈਡ ਸੈਂਸਰ ਖਰੀਦੋ ਅਤੇ ਲਗਾ ਲਵੋ।
- ਫਰਨੇਸ ਅਤੇ ਪਾਣੀ ਗਰਮ ਕਰਨ ਵਾਲੇ ਟੈਂਕ ਦੇ ਭਿੱਜੇ ਹੋਏ ਜਾਂ ਨੁਕਸਾਨ-ਗ੍ਰਸਤ ਪਾਰਟ, ਜਿਵੇਂ ਫਿਲਟਰ, ਡਕਟ ਅਤੇ ਬਿਜਲਈ ਪੁਰਜ਼ੇ ਸਾਫ ਕਰ ਲਵੋ ਜਾਂ ਬਦਲ ਲਵੋ।

### ਖਾਧ ਪਦਾਰਥ ਅਤੇ ਦਵਾਈਆਂ

- ਨੁਕਸਾਨ ਰਹਿਤ ਸਾਰੇ ਖਾਧ ਪਦਾਰਥ, ਦਵਾਈਆਂ ਅਤੇ ਸਪਲਾਈਆਂ ਚੰਗੀ ਤਰ੍ਹਾਂ ਸਾਫ ਅਤੇ ਜੀਵਾਣੂੰ-ਰਹਿਤ ਕਰੋ।
- ਸਾਰੇ ਖਾਧ ਪਦਾਰਥ, ਦਵਾਈਆਂ, ਕੌਸਮੈਟਿਕਸ ਅਤੇ ਟਾਇਲੈਟ੍ਰੀਜ਼, ਜੋ ਹੜ੍ਹ ਦੇ ਪਾਣੀ ਨਾਲ ਛੂਹੀਆਂ ਹੋਣ, ਸੁੱਟ ਦਿਉ।.

## ਵਿੱਤੀ ਤਿਆਰੀ

- ਆਪਣੀਆਂ ਵਿਸ਼ੇਸ਼ ਲੋੜਾਂ ਦੇ ਸਬੰਧ 'ਚ ਕਿਸੇ ਇੰਸ਼ੋਰੈਂਸ ਏਜੰਟ ਨਾਲ ਗੱਲ ਕਰੋ।
- ਆਪਣੇ ਸਾਰੇ ਸਮਾਨ ਦੀ ਵਿਸਤ੍ਰਿਤ ਲਿਸਟ ਤਿਆਰ ਕਰੋ।
- ਹੋਮ ਇੰਸ਼ੋਰੈਂਸ ਕਲੇਮ ਕਰਨ ਲਈ 7 ਪੜਾਅ ਜਾਣੋ।

ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਨਾਲ askibcwest@ibc.ca 'ਤੇ ਈਮੇਲ ਰਾਹੀਂ ਜਾਂ 1-844-227-5422 'ਤੇ ਫੋਨ ਕਰਕੇ ਸੰਪਰਕ ਕਰੋ। ਇੰਸ਼ੋਰੈਂਸ ਤਿਆਰੀ ਬਾਰੇ ਵਧੇਰੇ ਜਾਣਕਾਰੀ ਲਈ ਵੇਖੋ ibc.ca.

## ਰਿਕਵਰੀ ਲਈ ਇਮਦਾਦ

ਐਲਬਰਟਾ ਸਰਕਾਰ ਅਤੇ ਤੁਹਾਡੀ ਸਥਾਨਕ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਕਿਸੇ ਤਬਾਹੀ ਜਾਂ ਵੱਡੀ ਐਮਰਜੈਂਸੀ 'ਚੋਂ ਕਮਿਊਨਿਟੀ ਦੀ ਰਿਕਵਰੀ ਦੌਰਾਨ ਮਦਦ ਕਰਨ। ਸਹਾਇਤਾ ਦੀਆਂ ਕੁਝ ਮਿਸਾਲਾਂ ਹਨ:

- ਪ੍ਰੋਗਰਾਮ, ਗਰਾਂਟਾਂ ਅਤੇ ਟੈਕਸ ਛੋਟਾਂ ਜੋ ਮੁੜ-ਉਸਾਰੀ ਦੇ ਕੰਮ 'ਚ ਮਦਦ ਕਰਨ
- ਡਿਜ਼ਾਸਟਰ ਰਿਕਵਰੀ ਪ੍ਰੋਗਰਾਮ ਵਰਗੇ ਪ੍ਰੋਗਰਾਮਾਂ ਰਾਹੀਂ ਵਿੱਤੀ ਮਦਦ
- ਇੰਸ਼ੋਰੈਂਸ ਸੇਵਾਵਾਂ ਉਪਲਬਧ ਕਰਵਾਉਣ ਲਈ ਪ੍ਰਬੰਧ
- ਸੂਬਾਈ ਸਹਾਇਤਾ ਵਾਸਤੇ ਸਥਾਨਕ ਕਮਿਊਨਿਟੀ ਨੂੰ ਸਲਾਹ-ਮਸ਼ਵਰਾ ਅਤੇ ਸਹਿਯੋਗ ਮੁਹੱਈਆ ਕਰਨ ਵਾਸਤੇ ਕੰਮ ਕਰਨਾਂ

ਤੁਹਾਡੀ ਸਥਾਨਕ ਸਰਕਾਰ ਸੂਬਾਈ ਰਿਕਵਰੀ ਫੰਡ ਦੇ ਪ੍ਰਬੰਧਨ ਅਤੇ ਤਬਾਹੀ ਤੋਂ ਮਗਰੋਂ ਸਮੁੱਚੀ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ।

ਡਿਜ਼ਾਸਟਰ ਰਿਕਵਰੀ ਬਾਰੇ ਵਧੇਰੇ ਜਾਣਕਾਰੀ ਲਈ Alberta.ca ਵੇਖੋ। ਕਿਰਪਾ ਕਰਕੇ ਨੋਟ ਕਰੋ ਕਿ ਸੂਬਾਈ ਪ੍ਰੋਗਰਾਮਾਂ ਦੀ ਕਦੇ ਵੀ ਕੋਈ ਗਰੰਟੀ ਨਹੀਂ ਹੈ ਅਤੇ ਉਹ ਪ੍ਰਾਈਵੇਟ ਇੰਸ਼ੋਰੈਂਸ ਦੇ ਪੂਰਕ ਨਹੀਂ ਹਨ।

## ਹੋਰ ਜਾਣਕਰੀ ਲਈ

Read our other fact sheets on:

- ਘਰ ਮਾਲਕਾਂ ਅਤੇ ਰਿਹਾਇਸ਼ੀ ਕਿਰਾਏਦਾਰਾਂ, ਨਾਟ-ਫਾਰ-ਪ੍ਰਾਫਿਟ ਅਤੇ ਕੋਓਪਰੇਟਿਵਜ਼ ਅਤੇ ਐਗਰੀਕਲਚਰ ਤੇ ਫਾਰਮਿੰਗ ਆਪਰੇਸ਼ਨਾਂ ਲਈ ਡਿਜ਼ਾਸਟਰ ਰਿਕਵਰੀ ਪ੍ਰੋਗਰਾਮ ਜਾਣਕਾਰੀ।
- ਹੜ੍ਹ ਸਬੰਧੀ ਤਿਆਰੀ

ਤੁਸੀਂ ਤਿਆਰੀ ਬਾਰੇ ਵਧੇਰੇ ਜਾਣਕਾਰੀ Alberta.ca, ਦੁਆਰਾ ਜਾਂ ਆਪਣੀ ਕਮਿਊਨਿਟੀ ਦੇ ਡਾਇਰੈਕਟਰ ਆਫ ਐਮਰਜੈਂਸੀ ਮੈਨੇਜਮੈਂਟ ਨਾਲ ਸੰਪਰਕ ਕਰਕੇ ਲੈ ਸਕਦੇ ਹੋ।



ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi